HOMEWORK WEEK OF 11/3/2018

We will have a quiz on below definations and essay .

## ਭਾਸ਼ਾ ਦੀ ਪਰਿਭਾਸ਼ਾ

ਜਿਸ ਸਾਧਨ ਦੇ ਦੁਆਰਾ ਅਸੀਂ ਆਪਣੇ ਮਨ ਦੇ ਭਾਵਾਂ ਜਾਂ ਵਿਚਾਰਾਂ ਨੂੰ ਦੂਜਿਆਂ ਤੱਕ ਪਹੁੰਚਾਉਂਦੇ ਹਾਂ, ਉਸ ਨੂੰ ਭਾਸ਼ਾ ਆਖਦੇ ਹਨ।

ਭਾਸ਼ਾ ਦੇ ਤਿੰਨ ਰੂਪ ਹੁੰਦੇ ਹਨ

੧. **ਮੌਖਿਕ ਭਾਸ਼ਾ (ਬੋਲਚਾਲ):** ਜਦੋਂ ਅਸੀਂ ਆਪਣੇ ਭਾਵ ਜਾਂ ਵਿਚਾਰ ਬੋਲ ਕੇ ਜਾਂ ਗਲ ਕਰਕੇ ਪ੍ਰਗਟ ਕਰਦੇ ਹਾਂ।
੨. **ਲਿਖਤੀ ਭਾਸ਼ਾ:** ਜਦੋਂ ਅਸੀਂ ਆਪਣੇ ਭਾਵ ਜਾਂ ਵਿਚਾਰ ਲਿਖ ਕੇ ਜਾਂ ਪੜ੍ਹ ਕੇ ਪ੍ਰਗਟ ਕਰਦੇ ਹਾਂ।
੩. **ਸੰਕੇਤਕ ਭਾਸ਼ਾ:** ਜਦੋਂ ਅਸੀਂ ਆਪਣੇ ਭਾਵ ਜਾਂ ਵਿਚਾਰ ਸੰਕੇਤਾਂ ਦੇ ਨਾਲ ਪ੍ਰਗਟ ਕਰਦੇ ਹਾਂ।

**ਪ੍ਰਸ਼ਨ 1. ਬੋਲੀ ਜਾਂ ਭਾਸ਼ਾ ਕਿਸ ਨੂੰ ਕਹਿੰਦੇ ਹਨ ?**

**ਉੱਤਰ :** ਕਿਸੇ ਦੇਸ਼ ਜਾਂ ਇਲਾਕੇ ਦੇ ਰਹਿਣ ਵਾਲੇ ਲੋਕ ਆਪਣੇ ਦਿਲ ਦੀ ਗੱਲ ਦੂਜੇ ਮਨੁੱਖ ਤੱਕ ਪਹੁੰਚਾਉਣ ਲਈ ਜੋ ਬੋਲ ਮੂੰਹੋਂ ਕਢਦੇ ਹਨ, ਉਸ ਨੂੰ ਬੋਲੀ ਜਾਂ ਭਾਸ਼ਾ ਕਹਿੰਦੇ ਹਨ। ਹਰੇਕ ਪ੍ਰਾਂਤ ਦੀ ਆਪਣੀ-ਆਪਣੀ ਭਾਸ਼ਾ ਹੁੰਦੀ ਹੈ; ਜਿਵੇਂ : ਪੰਜਾਬ ਦੀ ਪੰਜਾਬੀ, ਬੰਗਾਲ ਦੀ ਬੰਗਾਲੀ ਆਦਿ।

**ਪ੍ਰਸ਼ਨ 2. ਮਾਤ-ਭਾਸ਼ਾ ਕਿਸ ਨੂੰ ਕਹਿੰਦੇ ਹਨ ?**

**ਉੱਤਰ :** ਮਾਤ-ਭਾਸ਼ਾ ਬੱਚੇ ਦੀ ਉਹ ਬੋਲੀ ਹੈ ਜੋ ਉਸਨੂੰ ਆਪਣੀ ਮਾਤਾ ਪਾਸੋਂ ਵਿਰਸੇ ਵਿਚ ਮਿਲਦੀ ਹੈ। ਇਸ ਬੋਲੀ ਰਾਹੀਂ ਉਸ ਨੂੰ ਲੋਰੀਆਂ ਦਿੱਤੀਆਂ ਜਾਂਦੀਆਂ ਹਨ। ਉਹ ਆਪਣੇ ਮਾਤਾ-ਪਿਤਾ ਅਤੇ ਭੈਣ-ਭਰਾਵਾਂ ਨਾਲ ਖ਼ੁਸ਼ੀਆਂ ਵੰਡਦਾ ਹੈ। ਬੰਗਾਲ ਦੀ ਧਰਤੀ ਉੱਤੇ ਜਨਮ ਲੈਣ ਵਾਲੇ ਹਰੇਕ ਬੱਚੇ ਦੀ ਮਾਤ-ਭਾਸ਼ਾ ਬੰਗਾਲੀ ਹੈ; ਬੇਸ਼ੱਕ ਉਹ ਹਿੰਦੂ, ਮੁਸਲਮਾਨ, ਸਿੱਖ ਜਾਂ ਈਸਾਈ ਹੋਵੇ।

**ਪ੍ਰਸ਼ਨ 3. ਲਿਪੀ ਕਿਸ ਨੂੰ ਕਹਿੰਦੇ ਹਨ ? ਪੰਜਾਬੀ ਲਿਖਣ ਲਈ ਕਿਸ ਲਿਪੀ ਦੀ ਵਰਤੋਂ ਹੁੰਦੀ ਹੈ ?**

**ਉੱਤਰ :** ਉਹ ਚਿੰਨ੍ਹ ਜਿਹੜੇ ਕਿਸੇ ਭਾਸ਼ਾ ਨੂੰ ਲਿਖਤੀ ਰੂਪ ਦੇਣ ਲਈ ਵਰਤੇ ਜਾਂਦੇ ਹਨ, ਉਨ੍ਹਾਂ ਨੂੰ ਲਿਪੀ ਕਿਹਾ ਜਾਂਦਾ ਹੈ। ਪੰਜਾਬੀ ਲਿਖਣ ਲਈ ਗੁਰਮੁਖੀ ਲਿਪੀ ਦੀ ਵਰਤੋਂ ਕੀਤੀ ਜਾਂਦੀ ਹੈ।

Read ਮੇਰਾ ਘਰ be able to write 12-15 lines in your own words

## 8. ਮੇਰਾ ਘਰ

ਮੈਂ ਜਲੰਧਰ ਰਹਿੰਦਾ ਹਾਂ। ਮਾਡਲ ਟਾਊਨ ਵਿਚ ਮੇਰਾ ਘਰ ਹੈ। ਇਹ ਪੱਕਾ ਬਣਿਆ ਹੋਇਆ ਹੈ। ਇਹ ਬਹੁਤ ਵੱਡਾ ਤਾਂ ਨਹੀਂ ਪਰ ਗੁਜ਼ਾਰੇ ਲਈ ਕਾਫ਼ੀ ਹੈ। ਇਸ ਦੇ ਕੁੱਲ ਪੰਜ ਕਮਰੇ ਹਨ।

ਬੈਠਕ ਖੁੱਲ੍ਹੀ, ਹਵਾਦਾਰ ਤੇ ਸਾਫ਼ ਹੈ। ਇਸ ਦੇ ਗਲੀ ਵਾਲੇ ਪਾਸੇ ਦੋ ਬਾਰੀਆਂ ਹਨ ਜੋ ਹਵਾ ਤੇ ਚਾਨਣ ਲਈ ਕਾਫ਼ੀ ਹਨ। ਇਕ ਰਸੋਈ ਘਰ ਹੈ। ਨਾਲ ਹੀ ਗੁਸਲਖ਼ਾਨਾ ਹੈ ਜਿਸ ਵਿਚ ਨਲਕਾ ਲੱਗਾ ਹੋਇਆ ਹੈ। ਗੁਸਲਖ਼ਾਨੇ ਦੇ ਪਿਛਲੇ ਪਾਸਿਓਂ ਕੋਠੇ 'ਤੇ ਚੜ੍ਹਨ ਲਈ ਪੌੜੀਆਂ ਹਨ।



ਸਾਮਾਨ ਰੱਖਣ ਲਈ ਸਟੋਰ ਹੈ। ਇਕ ਕਮਰੇ ਵਿਚ ਮੇਰੇ ਪਿਤਾ ਜੀ ਤੇ ਮਾਤਾ ਜੀ ਸੌਂਦੇ ਹਨ, ਦੂਜੇ ਕਮਰੇ ਵਿਚ ਮੈਂ ਤੇ ਮੇਰੀ ਛੋਟੀ ਭੈਣ ਸੌਂਦੇ ਹਾਂ। ਛੋਟੇ ਜਿਹੇ ਪਰਿਵਾਰ ਦਾ ਸਾਡੇ ਇਸ ਮਕਾਨ ਵਿਚ ਸੁਹਣਾ ਗੁਜ਼ਾਰਾ ਹੋ ਰਿਹਾ ਹੈ।

ਵਿਹੜੇ ਵਿਚ ਇਕ ਨਿੱਕੀ ਜਿਹੀ ਬਗ਼ੀਚੀ ਲਾਈ ਹੋਈ ਹੈ। ਮੈਨੂੰ ਫੁੱਲਾਂ ਨਾਲ ਬੜਾ ਪਿਆਰ ਹੈ। ਛੱਤ ਦੇ ਉੱਪਰ ਇਕ ਛੋਟਾ ਜਿਹਾ ਕਮਰਾ ਹੈ ਜਿਸ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਹੈ।

ਵਿਆਕਰਣ: ਕਿਸੇ ਬੋਲੀ ਨੂੰ ਸ਼ੁੱਧ ਅਤੇ ਸਹੀ ਢੰਗ ਨਾਲ ਪੜਣ ਅਤੇ ਲਿਖਣ ਲਈ ਬਣਾਏ ਗਏ ਨਿਯਮਾਂ ਨੂੰ ਵਿਆਕਰਣ ਕਿਹਾ ਜਾਂਦਾ ਹੈ।

ਇਸ ਦੇ ਤਿੰਨ ਭਾਗ ਹੁੰਦੇ ਹਨ:

ਅੱਖਰ ਬੋਧ ~ ਇਸ ਵਿੱਚ ਅੱਖਰਾਂ, ਲਗਾਂ-ਮਾਤਰਾਂ ਦਾ ਪਤਾ ਲੱਗਦਾ ਹੈ।

ਸ਼ਬਦ ਬੋਧ ~ ਇਸ ਵਿੱਚ ਅੱਖਰਾਂ ਤੋਂ ਸ਼ਬਦ ਬਨਾਉਣ ਤੇ ਵੰਡ ਦਾ ਪਤਾ ਲੱਗਦਾ ਹੈ।

ਵਾਕ ਬੋਧ ~ ਇਸ ਵਿੱਚ ਵਾਕਾਂ ਦੀ ਬਣਤਰ, ਵੰਡ ਅਤੇ ਵਿਸ਼ਰਾਮ ਚਿੰਨਾਂ ਦਾ ਪਤਾ ਲੱਗਦਾ ਹੈ।

~ ਜਿਸ ਤੋਂ ਭਾਸ਼ਾ ਦਾ ਸ਼ੁੱਧ ਅਤੇ ਰੂਪ ਦਾ ਪਤਾ ਲੱਗਦਾ ਹੈ

~ ਕਿਵੇਂ ਲਿਖਣਾ

~ ਵਾਕ ਵਿੱਚ ਕਿਹੜਾ ਸ਼ਬਦ ਪਹਿਲਾਂ ਆਉਣਾ ਤੇ ਕਿਹੜਾ ਪਿੱਛੋਂ

EXAMPLES :

ਉਹ ਕੁੜੀ ਚਲਾ ਗਿਆ।

ਨਹੀਂ ਖਾਧਾ ਮੈਂ ਰੋਟੀ ਅੱਜ।

ਮੈਂ ਪਾਣੀ ਪੀਤੀ।

ਸੁਹਣਾ ~ ਭਾਈ ਸੈਹਬ ~ ਤੇਜਾ ਸਿੰਗ

ਅਸੀਂ ਕਿਸ ਤਰਾਂ ਦੱਸ ਸਕਦੇ ਹਾਂ ਕੇ ਇਹ ਸ਼ਬਦ, ਵਾਕ ਸਹੀ ਜਾਂ ਗਲਤ ਹਨ ?

(ਇਹ ਸਾਨੂੰ ਨਿਯਮਾਂ ਤੋਂ ਪਤਾ ਲੱਗਦਾ ਹੈ ~ ਜੋ ਹੈ ਵਿਆਕਰਣ)

## 2. ਸ਼ਬਦ (ੌਰਦ)

ਦੋ ਜਾਂ ਦੋ ਤੋਂ ਵੱਧ ਅੱਖਰਾਂ ਦੇ ਸਮੂਹ ਨੂੰ ਸ਼ਬਦ ਆਖਦੇ ਹਨ। ਜਿਵੇਂ : ਤਰ = ਤ+ਰ, ਕਮਲ = ਕ+ਮ+ਲ

ਸ਼ਬਦ ਦੋ ਪ੍ਰਕਾਰ ਦੇ ਹੁੰਦੇ ਹਨ

**ਸਾਰਥਕ ਸ਼ਬਦ** : ਉਹ ਸ਼ਬਦ ਹੈ ਜਿਸ ਦੇ ਕੁਝ ਅਰਥ ਨਿਕਲਣ, ਜਿਵੇਂ - ਰੋਟੀ, ਪਾਣੀ, ਚਾਹ।

**ਨਿਰਾਰਥਕ ਸ਼ਬਦ**: ਉਹ ਸ਼ਬਦ ਹੈ ਜਿਸਦਾ ਕੋਈ ਅਰਥ ਨਹੀਂ ਨਿਕਲਦਾ। ਜਿਵੇਂ - ਰੂਟੀ, ਧਾਣੀ, ਚੂਹ।

**ਸਾਰਥਕ ਸ਼ਬਦ ਦੋ ਪ੍ਰਕਾਰ ਦੇ ਹੁੰਦੇ ਹਨ।**

**ਵਿਕਾਰੀ ਸ਼ਬਦ**: ਉਹ ਸ਼ਬਦ ਹਨ, **ਜਿਹਨਾਂ ਦਾ ਰੂਪ ਬਦਲ ਜਾਂਦਾ ਹੈ।** ਇਹ ਸ਼ਬਦ ਚਾਰ ਪ੍ਰਕਾਰ ਦੇ ਹੁੰਦੇ ਹਨ।

੧. ਨਾਂਵ ੨. ਪੜਨਾਂਵ ੩. ਵਿਸ਼ੇਸ਼ਣ ੪. ਕਿਰਿਆ

**ਅਵਿਕਾਰੀ ਸ਼ਬਦ:** ਉਹ ਸ਼ਬਦ ਹਨ, **ਜਿਹਨਾਂ ਦਾ ਰੂਪ ਸਦਾ ਇਕੋ ਜਿਹਾ ਰਹਿੰਦਾ ਹੈ।** ਇਹ ਸ਼ਬਦ ਚਾਰ ਪ੍ਰਕਾਰ ਦੇ ਹੁੰਦੇ ਹਨ।

1. ਕਿਰਿਆ ਵਿਸ਼ੇਸ਼ਣ ੨. ਸੰਬੰਧਕ ੩. ਯੋਜਕ ੪. ਵਿਸਮਿਕ

-

# Gurubani and virsa homework

History questions: 166-175

Recite Japji Sahib

Sakhi Kirt De Kamai - read and write summary

Do question and answers.

# ਕਿਰਤ ਦੀ ਕਮਾਈ

ਸ੍ਰੀ ਗੁਰੂ ਨਾਨਕ ਦੇਵ ਜੀ ਦੁਨੀਆਂ ਦਾ ਪਾਰ ਉਤਾਰਾ ਕਰਨ ਲਈ ਇਸ ਸੰਸਾਰ ਵਿੱਚ ਆਏ।ਉਹਨਾਂ ਆਪਣੇ ਜੀਵਨ ਵਿੱਚ ਚਾਰ ਉਦਾਸੀਆਂ ਕੀਤੀਆਂ ਅਤੇ ਪਾਪੀਆਂ ਨੂੰ ਸਿੱਧੇ ਰਾਹ ਪਾਇਆ ।ਸੁਲਤਾਨਪੁਰ ਤੋਂ ਚਲ ਕੇ ਰਾਮ ਤੀਰਥ ਆਦਿ ਥਾਂਵਾਂ ਤੋਂ ਹੁੰਦੇ ਹੋਏ ਸੈਯਦ ਪੁਰ ਪਹੁੰਚੇ ।ਭਾਈ ਲਾਲੋ ਨਾਮ ਦਾ ਇੱਕ ਗਰੀਬ ਤਰਖ਼ਾਣ ਇਸ ਪਿੰਡ ਵਿੱਚ ਰਹਿੰਦਾ ਸੀ।ਉਹ ਦਸਾਂ ਨਹੁੰਆਂ ਦੀ ਕਮਾਈ ਕਰਦਾ ਅਤੇ ਹਰ ਵੇਲੇ ਰੱਬ ਦਾ ਨਾਂ ਜਪਦਾ ।ਗੁਰੂ ਜੀ ਉਸਦੀ ਝੁਗੀ ਵਿੱਚ ਗਏ ਅਤੇ ਕਈ ਦਿਨ ਉਥੇ ਹੀ ਰਹੇ।ਉਸੇ ਪਿੰਡ ਦੇ ਹਾਕਮ ਮਲਕ ਭਾਗੋ ਨੇ ਇੱਕ ਵੱਡਾ ਬ੍ਰਹਮ ਭੋਜ ਕੀਤਾ ਅਤੇ ਗੁਰੂ ਜੀ ਨੂੰ ਵੀ ਸੱਦਾ ਭੇਜਿਆ,ਪਰੰਤੂ ਉਹ ਨਾ ਗਏ ।ਉਹਨਾਂ ਦੀ ਨਾ ਸੁਣ ਕੇ ਮਲਕ ਭਾਗੋ ਬੜਾ ਔਖਾ ਹੋਇਆ ਅਤੇ ਆਪਣੇ ਆਦਮੀ ਗੁਰੂ ਮਹਾਰਾਜ ਨੂੰ ਲੈਣ ਲਈ ਭੇਜ ਦਿਤੇ।ਜਾਣੀ-ਜਾਣ ਗੁਰੂ ਜੀ ਨੇ ਤਾਂ ਉਸ ਕੁਰਾਹੀਏ ਨੂੰ ਰਾਹ ਪਾਉਣਾ ਸੀ,ਉਹ 'ਸਤਿ-ਕਰਤਾਰ' ਉਚਾਰਦੇ ਹੋਏ ਬ੍ਰਹਮ ਭੋਜ ਵਾਲੀ ਥਾਂ ਪੁਜ ਗਏ।ਉਹਨਾਂ ਨੂੰ ਵੇਖਦੇ ਹੀ ਮਲਕ ਭਾਗੋ ਗੁੱਸੇ ਨਾਲ ਲਾਲ ਪੀਲਾ ਹੋ ਗਿਆ ਅਤੇ ਆਖਣ ਲੱਗਾ 'ਤੁਸੀਂ ਮੇਰੇ ਕੜਾਹ ਪੂੜੇ ਛੱਡ ਕੇ ਇਸ ਸ਼ੂਦਰ ਦੀ ਕੋਦਰੇ ਦੀ ਰੋਟੀ ਕਿਉਂ ਖਾਦੇ ਹੋ?'ਇਹ ਸੁਣ ਕੇ ਗੁਰੂ ਜੀ ਨੇ ਹੱਸ ਕੇ ਫੁਰਮਾਇਆ 'ਮਲਕ! ਤੇਰੇ ਪਦਾਰਥਾਂ ਵਿੱਚ ਗਰੀਬਾਂ ਦਾ ਖ਼ੂਨ ਹੈ ਅਤੇ ਲਾਲੋ ਦੀ ਕੋਧਰੇ ਦੀ ਰੋਟੀ ਵਿੱਚ ਹੱਕ ਦੀ ਕਮਾਈ ਹੈ।'

ਇਹ ਕਹਿ ਕੇ ਗੁਰੂ ਜੀ ਨੇ ਉਸਦਾ ਕੜਾਹ ਪੂੜਾ ਮੰਗਵਾਇਆ ਤੇ ਇਕ ਹੱਥ ਵਿੱਚ ਫੜ ਲਿਆ।ਭਾਈ ਲਾਲੋ ਨੂੰ ਇਸ਼ਾਰਾ ਕਰਕੇ ਉਸਦੀ ਰੋਟੀ ਭੀ ਮੰਗਵਾ ਲਈ ਤੇ ਦੂਜੇ ਹੱਥ ਵਿੱਚ ਫੜ ਲਈ।ਫਿਰ ਦੋਹਾਂ ਨੂੰ ਇਕੱਠੇ ਹੀ ਘੁਟਿਆ,ਮਲਕ ਭਾਗੋ ਦੇ ਪਦਾਰਥਾਂ ਵਿੱਚੋਂ ਲਹੂ ਅਤੇ ਭਾਈ ਲਾਲੋ ਦੀ ਰੁੱਖੀ ਸੁੱਕੀ ਰੋਟੀ ਵਿੱਚੋਂ ਦੁਧ ਨੁਚੜਦਾ ਦਿਖਾਈ ਦੇਣ ਲੱਗਾ।

ਇਹ ਦੇਖ ਕੇ ਮਲਕ ਭਾਗੋ ਦੀਆਂ ਅੱਖਾਂ ਖੁਲ੍ਹ ਗਈਆਂ ਅਤੇ ਉਸਨੂੰ ਪਤਾ ਲੱਗ ਗਿਆ ਕਿ ਉਹਦੇ ਇਹ ਪਦਾਰਥ ਜ਼ੁਲਮ ਨਾਲ ਗਰੀਬਾਂ ਦੇ ਨਿਚੋੜੇ ਲਹੂ ਦੇ ਬਣੇ ਹਨ।ਉਸਨੇ ਆਪਣੀ ਭੁੱਲ ਮੰਨੀ ਤੇ ਗੁਰੂ ਜੀ ਦੇ ਚਰਨਾਂ ਤੇ ਡਿੱਗ ਕੇ ਬੋਲਿਆ ' ਹੇ ਸਤਿਗੁਰੂ! ਮੇਰੀ ਭੁੱਲ ਬਖ਼ਸ਼ਾ ਲਓ।'ਸਤਿਗੁਰੂ ਜੀ ਨੇ ਉਸਨੂੰ ਅੱਗੋਂ ਤੋਂ ਹੱਕ ਦੀ ਕਮਾਈ ਕਰਨ ਤੇ ਗਰੀਬਾਂ ਉੱਪਰ ਜ਼ੁਲਮ ਨਾ ਕਰਨ ਦਾ ਉਪਦੇਸ਼ ਦਿੱਤਾ।

ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਲਿੱਖੋ

੧. ਗੁਰੂ ਨਾਨਕ ਦੇਵ ਜੀ ਨੇ ਆਪਣੇ ਜੀਵਨ ਵਿੱਚ ਕਿੰਨੀਆਂ ਉਦਾਸੀਆਂ ਕੀਤੀਆਂ?

੨. ਭਾਈ ਲਾਲੋ ਕੌਣ ਸੀ?

੩. ਬ੍ਰਹਮ ਭੋਜ ਕਿਸਨੇ ਕੀਤਾ?

੪. ਮਲਕ ਭਾਗੋ ਦੇ ਪਦਾਰਥਾਂ ਵਿੱਚੋਂ ਖ਼ੂਨ ਅਤੇ ਲਾਲੋ ਦੀ ਰੋਟੀ ਵਿੱਚੋਂ ਦੁਧ ਕਿਉਂ ਨੁਚੜਨ ਲੱਗਾ?

੫. ਗੁਰੂ ਜੀ ਨੇ ਮਲਕ ਭਾਗੋ ਨੂੰ ਕੀ ਉਪਦੇਸ਼ ਦਿੱਤਾ?

ਵਾਕ ਬਣਾਓ:

੧. ਸੰਸਾਰ

੨. ਰਾਹ

੩. ਗਰੀਬ

੪. ਸੱਦਾ

੫. ਖ਼ੂਨ

੬. ਲਹੂ

੭. ਉਪਦੇਸ਼

੮. ਭੁੱਲ

੯. ਰੱਬ

੧੦.ਕਮਾਈ


© Sikh Society of Michigan, MI, USA

ਖਾਲੀ ਥਾਵਾਂ ਭਰੋ:

1. ਗੁਰੂ ਜੀ ਉਸਦੀ ...................... ਵਿੱਚ ਗਏ।

2. ਤੇਰੇ ਪਦਾਰਥਾਂ ਵਿੱਚ ...................... ਦਾ ਖ਼ੂਨ ਹੈ।

3. ਉਸਨੇ ਆਪਣੀ ...................... ਮੰਨੀ।

4. ਸ੍ਰੀ ਗੁਰੂ ਨਾਨਕ ਦੇਵ ਜੀ ................... ਦਾ ਪਾਰ ਉਤਾਰਾ ਕਰਨ ਲਈ ਇਸ ਸੰਸਾਰ ਵਿੱਚ ਆਏ।

Read this story , we will do some question answers in the class .

# ਚੂਹੇ ਅਤੇ ਹਾਥੀ

ਕਿਸੇ ਜੰਗਲ ਵਿੱਚ ਇੱਕ ਟਾਹਲੀ ਦੇ ਦਰਖ਼ਤ ਹੇਠਾਂ ਬਹੁਤ ਸਾਰੇ ਚੂਹੇ ਰਹਿੰਦੇ ਸਨ।ਜੰਗਲ ਵਿੱਚ ਮੀਂਹ ਨਾ ਪੈਣ ਕਰਕੇ ਪਾਣੀ ਦੀ ਬਹੁਤ ਕਮੀ ਹੋ ਗਈ ਸੀ।ਕੇਵਲ ਜੰਗਲ ਦੇ ਨਾਲ ਲਗਦੇ ਤਲਾਬ ਵਿੱਚ ਹੀ ਪਾਣੀ ਬਚਿਆ ਸੀ।ਹਾਥੀਆਂ ਦਾ ਇੱਕ ਝੁੰਡ ਪਿਆਸ ਬੁਝਾਉਣ ਲਈ ਤਲਾਬ ਵੱਲ ਜਾ ਰਿਹਾ ਸੀ ਜਦੋਂ ਸਾਰੇ ਹਾਥੀ ਚੂਹਿਆਂ ਦੇ ਇਲਾਕੇ ਵਿੱਚੋਂ ਗੁਜ਼ਰੇ ਤਾਂ ਕਈ ਚੂਹਿਆਂ ਦੇ ਘਰ ਹਾਥੀਆਂ ਦੇ ਪੈਰਾਂ ਹੇਠਾਂ ਆ ਗਏ ਅਤੇ ਚੂਹਿਆਂ ਦਾ ਬਹੁਤ ਨੁਕਸਾਨ ਹੋਇਆ।



ਇਹ ਸਿਲਸਿਲਾ ਕੁਝ ਦਿਨ ਚੱਲਦਾ ਰਿਹਾ।ਆਖਿਰ ਚੂਹਿਆਂ ਨੇ ਇੱਕ ਮਤਾ ਪਕਾਇਆ ਕਿ ਹਾਥੀਆਂ ਦੇ ਸਰਦਾਰ ਨਾਲ ਗੱਲ ਕੀਤੀ ਜਾਵੇ।ਚੂਹਿਆਂ ਦਾ ਸਰਦਾਰ ਹਾਥੀਆਂ ਦੇ ਸਰਦਾਰ ਕੋਲ ਗਿਆ ਅਤੇ ਉਸਨੇ ਹਾਥੀਆਂ ਦੇ ਸਰਦਾਰ ਨੂੰ ਪੂਰੀ ਗੱਲ ਦੱਸੀ ਤੇ ਕਿਹਾ; “ਤੁਹਾਡੇ ਪੈਰਾਂ ਹੇਠਾਂ ਆ ਕੇ ਸਾਡੇ ਕਈ ਘਰ ਤਬਾਹ ਹੋ ਗਏ ਨੇ ਅਤੇ ਕਈ ਚੂਹੇ ਕੁਚਲੇ ਜਾ ਚੁੱਕੇ ਹਨ।ਕਿਰਪਾ ਕਰਕੇ ਤੁਸੀਂ ਤਲਾਬ ਵੱਲ ਜਾਣ ਦਾ ਰਸਤਾ ਬਦਲ ਲਵੋ, ਅਸੀਂ ਤੁਹਾਡੇ ਬਹੁਤ ਧੰਨਵਾਦੀ ਹੋਵਾਂਗੇ।ਲੋੜ ਪੈਣ ਉੱਤੇ ਅਸੀਂ ਤੁਹਾਡੀ ਮਦਦ ਕਰਨ ਦਾ ਵੀ ਵਾਅਦਾ ਕਰਦੇ ਹਾਂ।” ਹਾਥੀਆਂ ਨੇ ਚੂਹਿਆਂ ਦੀ ਬੇਨਤੀ ਸਵੀਕਾਰ ਕਰ ਲਈ।

ਕਈ ਮਹੀਨੇ ਗੁਜ਼ਰ ਗਏ।ਹੁਣ ਚੂਹੇ ਬਿਨਾਂ ਕਿਸੇ ਡਰ ਤੋਂ ਆਪਣੇ ਆਪਣੇ ਘਰਾਂ ਵਿੱਚ ਖੁਸ਼ ਸਨ।ਇੱਕ ਦਿਨ ਜੰਗਲ ਵਿਚ ਸ਼ਿਕਾਰੀਆਂ ਨੇ ਕੁਝ ਹਾਥੀਆਂ ਨੂੰ ਆਪਣੇ ਜਾਲ ਵਿੱਚ ਫਸਾ ਲਿਆ।ਕਈ ਹਾਥੀਆਂ ਨੇ ਫਸੇ ਹੋਏ ਆਪਣੇ ਸਾਥੀਆਂ ਦੀ ਮਦਦ ਕਰਨ ਦੀ ਕੋਸ਼ਿਸ਼ ਕੀਤੀ।ਪਰ ਸਭ ਯਤਨ ਬੇਕਾਰ ਨਿਕਲੇ।ਅਚਾਨਕ ਹਾਥੀਆਂ ਦੇ ਸਰਦਾਰ ਨੂੰ ਚੂਹਿਆਂ ਦਾ ਕੀਤਾ ਵਾਅਦਾ ਯਾਦ ਆਇਆ।ਉਸ ਨੇ ਇੱਕ ਹਾਥੀ ਨੂੰ ਚੂਹਿਆਂ ਕੋਲ ਜਾਕੇ ਮਦਦ ਮੰਗਣ ਲਈ ਕਿਹਾ।ਹਾਥੀ ਨੇ ਚੂਹਿਆਂ ਅੱਗੇ ਹਾਥੀਆਂ ਨੂੰ ਬਚਾਉਣ ਦੀ ਬੇਨਤੀ ਕੀਤੀ।ਚੂਹਿਆਂ ਦੇ ਸਰਦਾਰ ਨੇ ਬੇਨਤੀ ਮੰਨ ਲਈ ਅਤੇ ਫਸੇ ਹੋਏ ਹਾਥੀਆਂ ਕੋਲ ਪਹੁੰਚ ਗਏ।ਉਹਨਾਂ ਨੇ ਬਿਨਾਂ ਸਮਾਂ ਬਰਬਾਦ ਕੀਤੇ ਜਾਲ ਨੂੰ ਕੱਟਣਾ ਸ਼ੁਰੂ ਕਰ ਦਿੱਤਾ।

ਕੁਝ ਸਮੇਂ ਦੀ ਮਿਹਨਤ ਤੋਂ ਬਾਅਦ ਹੀ ਸਾਰੇ ਹਾਥੀ ਜਾਲ ਵਿੱਚੋਂ ਅਜ਼ਾਦ ਹੋ ਗਏ।ਹਾਥੀਆਂ ਨੇ ਚੂਹਿਆਂ ਦਾ ਧੰਨਵਾਦ ਕੀਤਾ।ਇਸ ਤਰਾਂ ਚੰਗਿਆਈ ਕਰਨ ਵਾਲੇ ਨਾਲ ਸਦਾ ਚੰਗਾ ਹੀ ਹੁੰਦਾ ਹੈ।